Punjab ICT Education Society

**DEPARTMENT OF SCHOOL EDUCATION**
Punjab (INDIA)

**ਸੈਸ਼ਨ 2021-22**
**ਸ਼ੀਟ ਨੰ: 21**

ਬੋਧ ਅੰਸ਼

# ਈ-ਸ਼ਬਦ



## ਅੱਜ ਦਾ ਸ਼ਬਦ "ਟੂਲ"

**"ਟੂਲ"** ਇੱਕ ਔਜ਼ਾਰ, ਕਮਾਂਡ ਜਾਂ ਕੋਈ ਵੀ ਸਾਫਟਵੇਅਰ ਹੋ ਸਕਦਾ ਹੈ ਜੋ ਕਿ ਕੋਈ ਖਾਸ ਕਿਸਮ ਦੇ ਕਾਰਜ਼ ਕਰਨ ਲਈ ਵਰਤੇ ਜਾ ਸਕਦੇ ਹੋਣ। ਇਸ ਸ਼ਬਦ ਦੇ ਅਰਥ ਬਹੁਤ ਹੀ ਵੱਖਰੇ ਵੱਖਰੇ ਤਰੀਕਿਆ ਨਾਲ ਲਏ ਜਾ ਸਕਦੇ ਹਨ ਕਿਉਂਕਿ ਕੋਈ ਵੀ ਮੁਰੰਮਤ ਕਰਨ ਵਾਲੇ ਹਾਰਡਵੇਅਰ ਨੂੰ ਵੀ ਟੂਲ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ। ਕੰਪਿਊਟਰ ਜਾਂ ਹੋਰ ਡੀਜ਼ੀਟਲ ਕੰਪਿਊਟਿੰਗ ਉਪਕਰਣਾਂ ਦੇ ਖੇਤਰ ਵਿੱਚ ਟੂਲ ਉਹ ਪ੍ਰੋਗਰਾਮ ਜਾਂ ਸਾਫਟਵੇਅਰ ਹੁੰਦੇ ਹਨ ਜੋ ਕਿਸੇ ਪ੍ਰੋਗਰਾਮ ਨੂੰ ਇੰਸਟਾਲ/ਖਤਮ ਕਰਨ ਜਾਂ ਕੋਈ ਹੋਰ ਖਾਸ ਕਿਸਮ ਦੇ ਕੰਮ ਕਰਨ ਵਿੱਚ ਮਦਦ ਕਰਦੇ ਹਨ। ਵੱਖ ਵੱਖ ਸਾਫਟਵੇਅਰਾਂ ਵਿੱਚ ਪ੍ਰਯੋਗ ਹੋਣ ਵਾਲੇ ਹਰੇਕ ਵੱਖਰੇ ਟੂਲ ਦੇ ਕੰਮ ਕਰਨ ਦਾ ਤਰੀਕਾ ਵੱਖਰਾ ਹੁੰਦਾ ਹੈ। ਆਓ, ਵੱਖ ਵੱਖ ਐਪਲੀਕੇਸ਼ਨਾਂ ਵਿੱਚ ਵਰਤੇ ਜਾਣ ਵਾਲੇ ਵੱਖ ਵੱਖ ਟੂਲਜ਼ ਬਾਰੇ ਚਰਚਾ ਕਰੀਏ:

**ਆਪ੍ਰੇਟਿੰਗ ਸਿਸਟਮ ਟੂਲਜ਼:** ਇੱਕ ਉਪਕਰਨ ਵਿਚਲੇ ਆਪ੍ਰੇਟਿੰਗ ਸਿਸਟਮ ਦੇ ਬਹੁਤ ਸਾਰੇ ਕੰਮ ਹੁੰਦੇ ਹਨ। ਕੰਪਿਊਟਰ ਆਪ੍ਰੇਟਿੰਗ ਸਿਸਟਮ ਵਿੱਚ ਵਰਤੇ ਜਾਣ ਵਾਲੇ ਟੂਲਜ਼ Disk defragmenter, Disk clean up, Check disks, Event Viewer ਆਦਿ ਹੋ ਸਕਦੇ ਹਨ।

**ਗ੍ਰਾਫਿਕਸ ਟੂਲਜ਼:** ਇਸ ਕਿਸਮ ਦੇ ਟੂਲਜ਼ ਦੀਆਂ ਬਹੁਤ ਸਾਰੀਆਂ ਕਿਸਮਾਂ ਹੋ ਸਕਦੀਆਂ ਹਨ। ਜਿਵੇਂ ਪੇਂਟ ਬ੍ਰਸ਼ ਵਿੱਚ ਵਰਤੇ ਜਾਣ ਵਾਲੇ ਟੂਲਜ਼ Eraser, Fill Tool, Airbrush, Text, Pencil, Polygon ਆਦਿ ਹੋ ਸਕਦੇ ਹਨ।

**ਵਰਡ ਪ੍ਰੋਸੈਸਰ ਟੂਲਜ਼:** ਵਰਡ ਪ੍ਰੋਸੈਸਰ ਕੰਪਿਊਟਰ ਵਿੱਚ ਵੱਖ ਵੱਖ ਕਿਸਮਾਂ ਦੇ ਕੰਮਾਂ ਲਈ ਵਰਤੇ ਜਾਣ ਵਾਲੇ ਆਮ ਐਪਲੀਕੇਸ਼ਨ ਪ੍ਰੋਗਰਾਮ ਹੁੰਦੇ ਹਨ। ਅਸੀਂ ਵੱਖ ਵੱਖ formatting tools, spelling and grammar tools, find and replace ਟੂਲਜ਼ ਮੁੱਖ ਤੌਰ ਤੇ ਵਰਤਦੇ ਹਾਂ।

**ਸਪ੍ਰੈਡਸ਼ੀਟ ਟੂਲਜ਼:** ਇਸ ਕਿਸਮ ਦੇ ਪੈਕੇਜ਼ਾਂ ਵਿੱਚ ਜਿਆਦਾਤਰ ਟੂਲ ਡਾਟਾ ਪ੍ਰਬੰਧਨ ਨਾਲ ਸੰਬੰਧਤ ਹੁੰਦੇ ਹਨ। ਸਪ੍ਰੈਡਸ਼ੀਟ ਟੂਲਜ਼ ਦੀਆਂ ਕੁਝ ਉਦਾਰਹਣਾਂ - Pivot table, Charts, Functions ਜਾਂ ਹੋਰ ਵਿਸ਼ਲੇਸ਼ਣ ਟੂਲ ਹੋ ਸਕਦੇ ਹਨ।

## Word of the Day is "**Tool**"

"**Tool**" is a piece of equipment, command or an act of software that we use to perform some operations. This term is having very broad sense as all the hardware parts used for repairing purpose are all considered as a TOOL. In the field of Computer or other digital computing devices, tools are those softwars or programs which enable a person to install/remove other program or perform other actions on the components within their computer. The working of a tool in any type of software may be different. Let's discuss some of the tools used in different applications.

**Operating System tools:** Operating system, in a device, is having a lot of functions to be performed. Some tools within a Computer OS can be Disk defragmenter, Disk clean up, Check disks, Event Viewer etc.

**Graphics Tools:** This category of tools is having a lot of types Such as Paint brush is having Eraser, Fill Tool, Airbrush, Text, Pencil, Polygon as it's tools.

**Word processor Tools:** Word processor is the most commonly used application within a computer for different applications. We can have different formatting tools, spelling and grammar tools, find and replace tools at top.

**Spread Sheet tools:** In this type of packages, most of the tools are related with data manipulation. Some examples of spread sheet tools are Pivot table, charts, functions or other analysis tools.

## ਰੋਚਕ ਤੱਥ:-

ਕੰਪਿਊਟਰ ਵਾਇਰਸ ਵੀ ਇੱਕ ਟੂਲ ਦੀ ਉਦਾਹਰਣ ਹੈ ਜੋ ਡਾਟਾ ਨੂੰ ਖਰਾਬ ਕਰਨ ਲਈ ਬਣਾਏ ਜਾਂਦੇ ਹਨ। ਸਭ ਤੋਂ ਪਹਿਲਾ ਕੰਪਿਊਟਰ ਵਾਇਰਸ 1983 ਵਿੱਚ ਬਣਾਇਆ ਗਿਆ ਸੀ।

## Interesting Facts:-

Computer Virus is also an example of tool which is designed to corrupt our data. The first computer virus was created in 1983.

**ਸੰਬੰਧਤ ਈ-ਸ਼ਬਦ ਦੀ ਵੀਡੀਓ ਦੇਖਣ ਲਈ ਲਿੰਕ ਕੇ ਕਲਿੱਕ ਕਰੋ:** https://youtu.be/layut15fAZc

**D.M.: Mohd. Aarif (Sangrur)** **Sukhwinder Singh (GSSS(G), Sunam Udham Singh Wala)**